# mzhbI qAsb Bwg 3 (lyK nUMM 109)

"ਵਿਸਮਾਦੁ ਨਾਦ ਵਿਸਮਾਦੁ ਵੇਦ ॥ **ਵਿਸਮਾਦੁ ਜੀਅ ਵਿਸਮਾਦੁ ਭੇਦ ॥**
ਵਿਸਮਾਦੁ ਰੂਪ ਵਿਸਮਾਦੁ ਰੰਗ ॥" (ਪੰਨਾ-੪੬੩)

"ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ ॥
ਕੋਇ ਨ ਕਿਸ ਹੀ ਜੇਹਾ ਉਪਾਇਆ ॥" (ਪੰਨਾ-੧੦੫੬)

ਗੁਰਬਾਣੀ ਦੀਆਂ ਉਪਰਲੀਆਂ ਪੰਗਤੀਆਂ ਅਨੁਸਾਰ ਭਿੰਨਤਾ ਤੇ ਅਨੇਕਤਾ ਕੁਦਰਤ ਦਾ ਮੁਕੰਮਲ ਤੇ **ਜ਼ਰੂਰੀ ਸ਼ਿੰਗਾਰ ਹੈ ।** ਸਥੂਲ ਸਰੀਰਕ ਪੱਧਰ ਤੋਂ ਹਰ ਵਸਤੂ, ਸੀਮਤ ਹੈ, ਪਰ ਫਿਰ ਵੀ ਨੈਨ-ਨਕਸ਼, ਕੱਦ, ਸਿਹਤ, ਰੰਗ ਆਦਿ **ਸਰੀਰਕ** ਬਣਤਰ ਵਿਚ ਅਤਿਅੰਤ **'ਭਿੰਨਤਾ'** ਹੈ । ਇਸੇ ਤਰ੍ਹਾਂ ਮਨੁਖ ਦੀ ਸੋਚ-ਵਿਚਾਰ, ਭਾਵਨਾ ਤੇ ਨਿਰਨਾ ਸ਼ਕਤੀ ਵਿਚ ਭੀ **ਸੂਖਮ ਮਾਨਸਿਕ ਪੱਧਰ ਤੇ ਅਤਿਅੰਤ ਭਿੰਨਤਾ ਅਤੇ ਵਿਲੱਖਣਤਾ** ਹੈ । **ਇਸੇ ਭਿੰਨਤਾ ਕਾਰਨ** ਹੀ, ਇਹਨਾਂ ਬਾਹਰਲੇ ਮਜ਼ਹਬਾਂ **ਵਿਚਕਾਰ,** ਅਤੇ ਇਕੋ ਮਜ਼ਹਬ ਦੇ ਵੱਖ-ਵੱਖ **ਫ਼ਿਰਕਿਆਂ ਵਿਚਕਾਰ** :—

ਮਤ-ਭੇਦ
ਵਾਦ-ਵਿਵਾਦ
ਈਰਖਾ-ਦਵੈਤ
ਸਾੜੇ
ਘਿਰਨਾ
ਝਗੜੇ
ਲੜਾਈਆਂ
ਖੂਨ-ਖਰਾਬੇ
ਜ਼ੁਲਮ

**ਹੁੰਦੇ ਰਹਿੰਦੇ ਹਨ,** ਜਿਸ ਦੀ ਵਜਾਹ ਨਾਲ, **'ਧਰਮ' ਜਾਂ 'ਮਜ਼ਹਬ' ਬਦਨਾਮ ਹੁੰਦੇ ਹਨ ।** ਇਸ ਦਾ ਭਿਆਨਕ ਤੇ ਦੁਖਦਾਈ ਨਤੀਜਾ ਇਹ ਵੀ ਹੈ, ਕਿ **ਜਿਸ ਉਦੇਸ਼ ਜਾਂ ਮੰਤਵ ਲਈ, 'ਧਰਮ' ਦੀ ਸਿਰਜਨਾ ਕੀਤੀ ਗਈ ਸੀ, 'ਸਿਟਾ', ਉਸਦੇ ਐਨ ਉਲਟ ਨਿਕਲਦਾ ਹੈ ।**

# Religious Fanaticism Part 3

*Wonderful is the sound current of the Naad, wonderful is the knowledge of the Vedas.*
*Wonderful are the beings, wonderful are the species.*
*Wonderful are the forms, wonderful are the colors.* *463*

*My True Lord God has staged a play.*
*He has created no one like anyone else.* *1056*

According to the above lines diversity and variety are the complete and essential adornments of nature. At the gross physical level every thing is limited yet there is extreme difference in the physical makeup of the eyes, nose, size, health, colour etc. In the same way at the subtle physical level, there is extreme diversity and distinctiveness in the thinking-expressing, feeling and discerning power. It is because of this very diverseness that

disagreements
debates
jealousy-duality
envy
hatred
quarrels
fights
bloodshed
tyranny

between these external religions and between the various factions within one religion keep occurring, thereby giving 'religion' or 'creed' a bad name. Another frightening and painful result is also this – the aim or purpose for which 'religion' was established, the 'outcome' is its exact opposite.

ਆਮ ਜਨਤਾ ਤਾਂ, 'ਜੀਵਨ' ਨੂੰ :—

ਉਚੇਰਾ
ਚੰਗੇਰਾ
ਸੁਹਣੇਰਾ
ਸੁਖਦਾਇਕ
ਅਮਨ-ਸ਼ਾਂਤੀ ਵਾਲਾ
ਕਲਿਆਣਕਾਰੀ

ਬਨਾਉਣ ਲਈ, ਯਾ ਨਿਜੀ ਸੁਆਰਥ ਲਈ, 'ਧਰਮ' ਯਾ 'ਮਜ਼ਹਬ' ਧਾਰਦੀ ਹੈ। ਪਰ ਜਦ ਮਜ਼ਹਬ ਨੂੰ 'ਤਅੱਸੁਬ' ਦੀ ਰੰਗਤ ਚੜ੍ਹ ਜਾਂਦੀ ਹੈ, ਤਾਂ—

ਮਜ਼ਹਬ ਦੇ ਨਾਉਂ ਤੇ :—

ਲੜਾਈਆਂ
ਝਗੜੇ
ਖੂਨ-ਖਰਾਬੇ
ਭਿਆਨਕ ਤਬਾਹੀ
ਜ਼ੁਲਮ

ਨੂੰ ਦੇਖ ਕੇ, ਜਨਤਾ ਦੇ ਨਿਸਚਿਆਂ ਅਤੇ ਸ਼ਰਧਾ-ਭਾਵਨੀ ਨੂੰ ਠੇਸ ਵਜਦੀ ਹੈ ਅਤੇ ਉਹਨਾਂ ਨੂੰ 'ਰੱਬੀਅਤ' ਅਤੇ 'ਧਰਮ' ਦੀ ਬਾਬਤ 'ਸ਼ੱਕ' ਪੈ ਜਾਂਦਾ ਹੈ। ਕਈਆਂ ਦਾ, 'ਰੱਬ' ਤੋਂ ਹੀ ਵਿਸ਼ਵਾਸ ਉਡ ਜਾਂਦਾ ਹੈ, ਅਤੇ ਉਹ ਨਾਸਤਿਕ ਬਣ ਜਾਂਦੇ ਹਨ।

ਮਜ਼ਹਬ ਦੇ ਨਾਉਂ ਉਤੇ ਇਕ ਦੂਜੇ ਨਾਲ ਨਫ਼ਰਤ, ਵੱਖ ਵੱਖ ਧਰਮਾਂ ਵਿਚਕਾਰ ਹੀ ਨਹੀਂ, ਬਲਕਿ ਇਕੋ 'ਧਰਮ' ਦੇ ਅੱਡ-ਅੱਡ ਫ਼ਿਰਕਿਆਂ ਵਿਚਕਾਰ ਭੀ, ਪੈਦਾ ਹੋ ਜਾਂਦੀ ਹੈ, ਜਿਸ ਨਾਲ ਆਪੋ ਵਿਚ ਵੈਰ-ਵਿਰੋਧ ਅਤੇ ਟਾਕਰਾ ਵਧਦਾ ਜਾਂਦਾ ਹੈ। ਜੋ ਭਿਆਨਕ ਤਬਾਹੀ ਅਤੇ ਜ਼ੁਲਮ ਦਾ ਰੂਪ ਧਾਰ ਲੈਂਦਾ ਹੈ।

ਜਿਵੇਂ ਅੰਨ੍ਹਿਆਂ ਦਾ ਹਾਥੀ ਬਾਰੇ ਗਿਆਨ, ਅਧੂਰਾ ਤੇ ਓਪਰਾ ਹੋਣ ਕਰਕੇ, ਹਰੇਕ ਅੰਨ੍ਹਾ, ਹਾਥੀ ਨੂੰ ਉਹੀ ਕੁਝ ਸਮਝੀ ਬੈਠਾ ਸੀ, ਜਿੰਨਾ ਕੁ ਉਸ ਨੇ, ਹਾਥੀ ਨੂੰ ਹੱਥ ਨਾਲ ਟੋਹ ਕੇ, ਜਾਣਿਆ ਸੀ। ਇਉਂ ਇਸ ਅਧੂਰੇ ਗਿਆਨ ਦੇ ਆਧਾਰ ਤੇ, ਉਹ, ਆਪੋ ਵਿਚ ਲੜਦੇ ਤੇ ਝਗੜਦੇ ਰਹੇ। ਉਸੇ ਤਰ੍ਹਾਂ—

ਪਰਮਾਤਮਾ
ਆਤਮਾ
ਮਾਇਆ



People generally take on a 'religion' or 'creed' in order to make their life –

lofty
good
beautiful
comfortable
blissful
salvation giving

or for (fulfilling) some personal purpose. But when the 'religion' gets coloured by 'fanaticism', then –

Seeing:-

fights
quarrels
bloodshed
terrible destruction
tyranny

taking place under the name of religion, people's beliefs and faith take a knock and a doubt arises about 'godliness' and 'religion'. Many lose faith in 'God' and become atheists.

Under the name of religion, hatred between one another, takes place not only among the different religions, also between the various factions within a single religion thereby resulting in an increase in the enmity-confrontation between one another. This state soon assumes the form of destruction and tyranny.

It's just like the knowledge the blind had of an elephant. As the knowledge of the blind is imperfect and superficial, their knowledge depended entirely on the part of the elephant they could each touch with their hands. Based on the incomplete knowledge each one had, they continued to quarrel and argue with one another. In the same way –

Our understanding or knowledge of
the Primal Being
the soul
materialism

ਗੁਰੂ
ਸੰਤ
ਸਾਧੂ
ਧਾਰਮਿਕ ਵਿਚਾਰਧਾਰਾ
ਧਾਰਮਿਕ ਸੇਵਾ
ਕੁਰਬਾਨੀ
ਸਿਮਰਨ
ਕਲਿਆਣ
ਮੁਕਤੀ

ਆਦਿ ਸੰਬੰਧੀ, ਸਾਡੀ ਸਮਝ ਯਾ ਗਿਆਨ ਭੀ, **ਓਪਰਾ, ਅਧੂਰਾ ਤੇ ਗਲਤ ਹੋ ਸਕਦਾ ਹੈ।**

ਇਸ ਅਧੂਰੇ ਯਾ ਗਲਤ ਗਿਆਨ ਕਾਰਨ ਹੀ, **ਮਜ਼ਹਬੀ ਤਅੱਸੁਬ ਦਾ ਬੀਜ, ਉਪਜਦਾ ਤੇ ਬੜੀ ਤੇਜ਼ੀ ਨਾਲ ਫੈਲ ਜਾਂਦਾ ਹੈ।** ਇਸ ਅਧੂਰੇ ਗਿਆਨ ਯਾ ਬੇ-ਸਮਝੀ ਤੋਂ ਉਪਜੇ ਹੋਏ—

ਝਗੜੇ
ਲੜਾਈਆਂ
ਦਵੈਤ
ਨਫ਼ਰਤ
ਧੱਕੇ ਸ਼ਾਹੀ
ਜ਼ੁਲਮ

ਆਪਣਿਆਂ ਅਤੇ ਬਿਗਾਨਿਆਂ, **ਸਭ ਤੇ ਢਾਹੇ ਜਾਂਦੇ ਹਨ।**

ਇਸ ਤਰ੍ਹਾਂ 'ਮਜ਼ਹਬੀ-ਤਅੱਸੁਬ' ਦੀ 'ਜੜ' ਦਾ **ਮੁਢਲਾ ਕਾਰਨ,** ਸਾਡੀ ਬੇਸਮਝੀ ਅਤੇ **ਅਗਿਆਨਤਾ** ਹੀ ਹੈ। ਕਿਉਂਕਿ ਸਾਡਾ ਮਜ਼ਹਬ ਜਾਂ **ਧਰਮ ਸੰਬੰਧੀ ਗਿਆਨ**—

**ਅਧੂਰਾ**
**ਗ਼ਲਤ ਤੇ**
**ਇਕ-ਤਰਫ਼ਾ ਹੁੰਦਾ ਹੈ।**

ਇਸੇ ਕਾਰਨ **ਮਜ਼ਹਬੀ-ਤਅੱਸੁਬ** ਵਰਗਾ **'ਅਸਾਧ ਰੋਗ'** ਯਾ **'ਕੈਂਸਰ'** (cancer) ਸੰਸਾਰ ਵਿਚ ਫੈਲ ਰਿਹਾ ਹੈ।



guru
saint
sadhu
religious thought
religious service
sacrifice
simran
salvation
emancipation

etc. too can be superficial, imperfect and wrong.

Because of this imperfect and wrong knowledge, the seed of religious fanaticism sprouts and spreads very rapidly. The –

quarrels
fights
duality
hatred
aggressiveness
tyranny

that springs forth from such imperfect knowledge or misunderstanding derails our own (the aspirations) as well as of all others.

In this way the main cause of 'religious fanaticism' is our own foolishness and ignorance. Our knowledge pertaining to creed or religion is –

imperfect
wrong and
one sided,

This is the reason why an 'incurable disease' like religious fanaticism or cancer is on the rise.

ਗੁਰਬਾਣੀ ਦੇ ਫੁਰਮਾਨ —

"ਘਾਟਿ ਨ ਕਿਨਹੀ ਕਹਾਇਆ ॥ ਸਭ ਕਹਤੇ ਹੈ ਪਾਇਆ ॥" (ਪੰਨਾ-੭੧)

"ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ ॥" (ਪੰਨਾ-੪੬੯)

ਅਨੁਸਾਰ, ਸੂਖਮ 'ਹਉਮੈ' ਕਰਕੇ, ਹਰੇਕ ਮਨੁਖ ਇਹ ਸੋਚਦਾ ਹੈ, ਕਿ ਉਸ ਦਾ —

ਰੱਬ
ਗੁਰੂ
ਸਿਧਾਂਤ
ਵਿਚਾਰਧਾਰਾ
ਕਰਮ
ਧਰਮ
ਮਰਿਆਦਾ
ਭਗਤੀ

ਸੰਬੰਧੀ—

ਸਮਝ
ਗਿਆਨ
ਨਿਸਚਾ
ਕਰਮ-ਕਿਰਿਆ
ਪਾਠ-ਪੂਜਾ

ਹੀ

ਅਭੁਲ
ਅਟੱਲ ਅਤੇ
ਸੰਪੂਰਨ ਹੈ ।

**ਉਹ ਦੂਸਰਿਆਂ ਦੇ ਨਿਸਚੇ ਅਤੇ ਕਰਮ-ਧਰਮ ਅਧੂਰੇ ਅਤੇ ਗ਼ਲਤ ਸਮਝਦਾ ਹੈ ।**

ਇਸ ਹਉਮੈ ਦੇ ਭਰਮ-ਭੁਲਾਵੇ ਦੀ **ਅਗਿਆਨਤਾ ਵਿਚ,** ਮਨੁਖ ਦੂਜਿਆਂ ਉਤੇ, **ਆਪਣਾ ਧਰਮ 'ਠੋਸਣ' ਲਈ, ਹਰ ਜਾਇਜ਼ ਤੇ ਨਾਜਾਇਜ਼ ਤਰੀਕੇ ਵਰਤਦਾ ਹੈ ।**

ਹਉਮੈ ਦੇ ਭਰਮ-ਭੁਲਾਵੇ ਵਿਚ ਅਪਨਾਏ ਹੋਏ ਫੋਕਟ-ਕਰਮਾਂ ਦੀ ਇਕ ਛੋਟੀ ਜਿਹੀ ਮਿਸਾਲ ਹੇਠਾਂ ਦਿੱਤੀ ਜਾਂਦੀ ਹੈ ।



Gurbani states –

1 *No one admits to any deficiency;*
*All say that they have found the Lord.* 71

2 *Everyone calls himself perfect; none call themselves imperfect.* 469

According (to this statement) because of subtle 'egotism', every person thinks that the

understanding
knowledge
belief
rites and rituals
recitation-worship

pertaining to his

god
guru
doctrine
ideology
action
religion
code of conduct
worship

is

unerring
eternal and
perfect.

He regards the beliefs and rites-rituals of others to be imperfect and wrong.

In the ignorance of this doubt-fallacy of egotism, man utilizes every legitimate or illegitimate means or method to 'impose' his religion on others.

A small example of the hollow deeds committed under the influence of the doubt-fallacy of egotism is given here.

ਪਾਣੀ—'ਰੱਬੀ-ਦਾਤ' ਹੈ, ਪਰ ਜੇ ਉਹੋ ਪਾਣੀ ਸਾਡੇ ਆਪਣੇ ਭਾਂਡਿਆਂ ਵਿਚ ਪਿਆ ਹੁੰਦਾ ਹੈ ਤਾਂ ਉਹ 'ਸੁੱਚਾ' ਹੁੰਦਾ ਹੈ, ਪਰ ਜਦ ਕਿਸੇ ਦੂਜੇ ਦੇ 'ਭਾਂਡਿਆਂ' ਵਿਚ ਪਿਆ ਹੋਵੇ, ਤਾਂ **ਸੁੱਚਾ ਨਹੀਂ ਮੰਨਿਆ ਜਾਂਦਾ** । ਉਸ ਭਾਂਡੇ ਨੂੰ ਕਿਸੇ ਦੂਜੇ ਦਾ ਹਥ ਲਗ ਜਾਏ, ਤਾਂ ਉਸ ਵਿਚ ਪਿਆ ਪਾਣੀ ਭੀ **ਭਿਟਿਆ ਜਾਂਦਾ ਹੈ** । ਜੇ ਕਰ ਉਹੋ ਪਾਣੀ **'ਕੱਚ'** ਦੇ ਗਲਾਸ ਵਿਚ ਪਿਆ ਹੋਵੇ ਤਾਂ ਉਹ **'ਪਲੀਤ' ਹੋ ਜਾਂਦਾ ਹੈ**, ਜਿਸ ਨੂੰ ਅਸੀਂ ਪੀਣ ਲਈ ਤਿਆਰ ਨਹੀਂ । ਪਰ ਜੇ 'ਸਟੀਲ' (steel) ਦੇ ਭਾਂਡੇ ਵਿਚ ਪਿਆ ਹੋਵੇ ਤਾਂ 'ਸੁੱਚਾ' ਗਿਣਿਆ ਜਾਂਦਾ ਹੈ !

ਕਿਤਨੀ ਅਨੋਖੀ ਗੱਲ ਹੈ, ਕਿ ਪਾਣੀ ਯਾ ਚਾਹ

ਦੂਜੇ ਦੇ ਭਾਂਡੇ ਵਿਚ,

ਹੱਥ ਲਗੇ ਤੋਂ,

ਕਚ ਦੇ ਬਰਤਨ ਵਿਚ,

ਚੀਨੀ ਦੇ ਕੱਪ ਵਿਚ,

**'ਜੂਠੀ' ਹੋ ਜਾਂਦੀ ਹੈ**—ਪਰ 'ਦੁੱਧ' ਯਾ ਘਿਉ 'ਜੂਠਾ' ਨਹੀਂ ਹੁੰਦਾ । ਕਿਉਂਕਿ ਇਹ ਸਾਰਿਆਂ ਦੇ ਹੱਥੋਂ ਜ਼ਾ ਸਾਰਿਆਂ ਭਾਂਡਿਆ ਯਾ ਡਬਿਆਂ ਵਿਚੋਂ ਵਰਤਿਆ ਜਾਂਦਾ ਹੈ ।

ਘਿਅ ਪਟ ਭਾਂਡਾ ਕਹੈ ਨ ਕੋਇ ॥ ਐਸਾ ਭਗਤੁ ਵਰਨ ਮਹਿ ਹੋਇ ॥ (ਪੰਨਾ-੭੨੧)

ਇਸ ਤਰ੍ਹਾਂ ਦੇ ਹੋਰ ਅਨੇਕਾਂ ਧਾਰਮਿਕ-ਤਅੱਸੁਬ ਦੇ ਵਤੀਰੇ ਅਤੇ ਪ੍ਰਗਟਾਵੇ, ਸਾਡੇ ਦੇਸ਼ ਵਿਚ, ਕਿਸੇ ਨ ਕਿਸੇ ਰਸਮ ਅਤੇ ਸ਼ਕਲ ਵਿਚ ਆਮ ਦਿਖਾਈ ਦਿੰਦੇ ਹਨ, ਜਿਸ ਦਾ ਸਭਨਾਂ ਨੂੰ ਗਿਆਨ ਹੁੰਦਿਆਂ ਹੋਇਆਂ ਭੀ, ਇਨਾਂ ਹਾਸੋ-ਹੀਣੇ 'ਮਜ਼ਹਬੀ-ਤਅੱਸੁਬ' ਦੀ **'ਕਟੜਤਾਈ' ਵਿਚੋਂ ਨਿਕਲਨ ਦਾ ਕਦੇ ਖ਼ਿਆਲ** ਯਾ **ਹੌਂਸਲਾ ਨਹੀਂ ਆਉਂਦਾ ।**

"ਦੇ ਕੈ ਚਉਕਾ ਕਢੀ ਕਾਰ ॥ ਉਪਰਿ ਆਇ ਬੈਠੇ ਕੂੜਿਆਰ ॥
ਮਤੁ ਭਿਟੈ ਵੇ ਮਤੁ ਭਿਟੈ ॥ ਇਹੁ ਅੰਨੁ ਅਸਾਡਾ ਫਿਟੈ ॥
ਤਨਿ ਫਿਟੈ ਫੇੜ ਕਰੇਨਿ ॥ ਮਨਿ ਜੂਠੈ ਚੁਲੀ ਭਰੇਨਿ ॥
ਕਹੁ ਨਾਨਕ ਸਚੁ ਧਿਆਈਐ ॥ ਸੁਚਿ ਹੋਵੈ ਤਾ ਸਚੁ ਪਾਈਐ ॥" (ਖੰਨਾ-੪੭੨)

"ਕੁਬੁਧਿ ਡੂਮਣੀ ਕੁਦਇਆ ਕਸਾਇਣਿ ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ ॥
ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆ ਨਾਲਿ ॥
ਸਚੁ ਸੰਜਮੁ ਕਰਣੀ ਕਾਰਾਂ ਨਾਵਣੁ ਨਾਉ ਜਪੇਹੀ ॥
ਨਾਨਕ ਅਗੈ ਊਤਮ ਸੇਈ ਜਿ ਪਾਪਾਂ ਪੰਦਿ ਨ ਦੇਹੀ ॥" (ਪੰਨਾ-੯੧)



'Water' is a godly gift. (According to some very prevalent belief systems) If this water is in our own utensils then it is (regarded as) pure, but if it is in someone else's 'utensils' then it is not (regarded as) pure. If someone else's hand touches that utensil then the water in that utensil too gets polluted. If that water is in a glass container, it deemed 'impure' and we are not prepared to drink it. But if it is in a 'steel' container, then it is regarded as 'pure'.

What a strange thing this is that if water or tea

by being touched by

someone's hand, (and)

by putting sugar in a glass container

or in a ceramic cup,

can become 'polluted' – but 'milk' or ghee does not get polluted even thought it passes through every one's hands or all the utensils, or tins.

1 *No one says that ghee or silk are polluted.*
*Such is the Lord's devotee, no matter what his social status is. 721*

These and numerous other such attitudes and manifestations (arising from) religious extremism can be seen in our country's tradition in one form or another. Despite knowing (the absurdity) of all this, no one has any thought or the courage to come out from such ludicrous 'fanaticism' of 'religious fundamentalism'.`

2 *They draw lines around them, plastering the ground with cow-dung.*
*The false come and sit within them.*
*They cry out, "Do not touch our food, or it will be polluted!"*
*But with their polluted bodies, they commit evil deeds.*
*With filthy minds, they try to cleanse their mouths.*
*Says Nanak, meditate on the True Lord.*
*If you are pure, you will obtain the True Lord. 472*

3 *False-mindedness is the drummer-woman; cruelty is the butcheress; slander of others in one's heart is the cleaning-woman, and deceitful anger is the outcast-woman.*
*What good are the ceremonial lines drawn around your kitchen, when these four are seated there with you?*
*Make Truth your self-discipline, and make good deeds the lines you draw; make chanting the Name your cleansing bath.*
*O Nanak, those who do not walk in the ways of sin, shall be exalted in the world hereafter.*

"ਕਹੁ ਪੰਡਿਤ ਸੂਚਾ ਕਵਨੁ ਠਾਉ ॥ ਜਹਾਂ ਬੈਸਿ ਹਉ ਭੋਜਨ ਖਾਉ ॥ ੧ ॥
ਅਗਨਿ ਭੀ ਜੂਠੀ ਪਾਨੀ ਜੂਠਾ ਜੂਠੀ ਬੈਸਿ ਪਕਾਇਆ ॥
ਜੂਠੀ ਕਰਛੀ ਪਰੋਸਨ ਲਾਗਾ ਜੂਠੇ ਹੀ ਬੈਠਿ ਖਾਇਆ ॥ ੩ ॥
ਗੋਬਰੁ ਜੂਠਾ ਚਉਕਾ ਜੂਠਾ ਜੂਠੀ ਦੀਨੀ ਕਾਰਾ ॥
ਕਹਿ ਕਬੀਰ ਤੇਈ ਨਰ ਸੂਚੇ ਸਾਚੀ ਪਰੀ ਬਿਚਾਰਾ ॥੪॥" (ਪੰਨਾ-੧੨੪੦)

ਹਉਮੈ ਦੇ ਪ੍ਰਗਟਾਵੇ ਦੇ ਅਨੇਕਾਂ ਸਰੂਪ ਹਨ, ਪਰ ਜਦ ਕਦੇ **'ਹਉਮੈ' ਨੂੰ 'ਧਰਮ' ਦੀ 'ਪਾਣ' ਚੜ੍ਹ ਜਾਵੇ ਤਾਂ ਅਤਿਅੰਤ ਤਬਾਹੀ ਮਚਾਉਂਦੀ ਹੈ।**

ਪਿਛਲੇ ਭਾਗਾਂ ਵਿਚ ਦਸਿਆ ਜਾ ਚੁੱਕਾ ਹੈ, ਕਿ 'ਮਜ਼ਹਬੀ-ਤਅੱਸੁਬ' ਦੁਆਰਾ, ਸੰਸਾਰ ਵਿਚ ਈਰਖਾ, ਦਵੈਤ, **ਨਫ਼ਰਤ ਦਾ ਅਤਿਅੰਤ ਡੂੰਘਾ ਤੇ ਮਾਰੂ 'ਜ਼ਹਿਰ' ਫੈਲਿਆ ਹੋਇਆ ਹੈ।** ਜਿਸ ਕਾਰਨ ਬੇਅੰਤ ਝਗੜੇ, ਲੜਾਈਆਂ, ਤਬਾਹੀ, ਜ਼ੁਲਮ, ਨਿਰਦੋਸ਼ ਅਤੇ ਭੋਲੀ-ਭਾਲੀ ਜਨਤਾ ਤੇ **ਢਾਹੇ ਗਏ ਹਨ** ਅਤੇ ਹੁਣ ਭੀ ਹੋ ਰਹੇ ਹਨ। ਜਦ ਇਹ 'ਮਜ਼ਹਬੀ-ਤਅੱਸੁਬ'—**'ਸੰਗਠਨ'** (organised) ਹੋ ਜਾਂਦਾ ਹੈ, ਤਾਂ ਲੋਕ **ਤਅੱਸੁਬ ਦੇ ਅੰਨ੍ਹੇ ਜੋਸ਼ ਵਿਚ ਅਤਿਅੰਤ ਤਬਾਹੀ ਮਚਾਉਂਦੇ ਹਨ ਅਤੇ ਜਨਤਾ ਤ੍ਰਾਹ-ਤ੍ਰਾਹ ਕਰ ਉਠਦੀ ਹੈ।**

ਦੂਜਿਆਂ ਨੂੰ—

ਨੀਵਾਂ
ਮਲੇਛ
ਕਾਫ਼ਰ
ਕੱਚਾ-ਪਿੱਲਾ
ਮਨਮੁਖ

ਆਦਿ ਕਹਿ ਕੇ **ਨੁਕਤਾਚੀਨੀ ਕਰਨੀ**, ਅਤੇ ਉਹਨਾਂ ਨਾਲ **ਧਰਮ ਦੇ ਨਾਉਂ ਤੇ** —

ਘਿਰਨਾ ਕਰਨੀ
ਦਵੈਤ ਕਰਨੀ
ਵਾਦ-ਵਿਵਾਦ ਕਰਨਾ
ਝਗੜੇ ਕਰਨੇ
ਲੜਾਈ ਕਰਨੀ
ਲੁਟ-ਮਾਰ ਕਰਨੀ
ਤਬਾਹੀ ਮਚਾਉਣੀ
ਅਤਿਆਚਾਰ ਕਰਨੇ

ਆਦਿ—**'ਮਜ਼ਹਬੀ-ਤਅੱਸੁਬ' ਦੇ ਅਧੀਨ—ਸਾਡੀ 'ਹਉਮੈ' ਦਾ ਹੀ ਪ੍ਰਗਟਾਵਾ ਹੈ।**



*Tell me, O Pandit, O religious scholar, which place is uncontaminated?.....*
*The fire is impure, and the water is impure. The place where you sit and cook is impure.*
*Impure is the ladle which serves the food. Impure is the one who sits down to eat it. 3*
*Impure is the cow dung, and impure is the kitchen square. Impure are the lines that mark it off.*
*Says Kabeer, they alone are pure, who have obtained pure understanding. 4*

Egotism has many forms of manifestations, but when 'egotism' gets tempered with 'religion' then it brings about terrible destruction.

It has been stated in previous parts of this lekh that through 'religious fanaticism' extremely deep and fatal poison of jealousy, duality, and hatred has spread into the world. This has caused the innocent and unsuspecting masses to be subjected to numerous disputes, fights, destruction, tyranny and even today this is taking place. When this 'religious fundamentalism' gets organised, then people blinded in the fervour of 'extremism' commit extreme destruction that cause the masses to cry out in pain.

To label others as –

low
barbarian
infidel
unprincipled
irreligious

etc. and criticise them, and in the name of religion

sow hatred
plant duality
engage in polemics or debate
case disputes
create fights
rob and loot
bring about destruction
cause tyranny

etc. under the influence of 'religious fundamentalism' – is the manifestation of our 'egotism'.

ਦੂਜੇ ਪਾਸੇ ਆਪਣੇ-ਆਪ ਨੂੰ ਹੀ—

ਚੰਗੇ

ਨੇਕ

ਉਚੇ

ਸੁਚੇ

ਸੱਚੇ

ਧਰਮੀ

ਭਲੇ-ਭਲੇਰੇ

ਪਾਰਗਰਾਮੀ

ਮਹਾਂਪੁਰਖ

ਬ੍ਰਹਮ-ਗਿਆਨੀ

ਸਮਝਣਾ ਭੀ **ਧਾਰਮਿਕ 'ਹਉਮੈ' ਦਾ ਹੀ ਪ੍ਰਗਟਾਵਾ ਹੈ ।**

ਪਰ, ਗੁਰਬਾਣੀ ਸਾਨੂੰ ਇਸ ਧਾਰਮਿਕ ਹਉਮੈ ਤੋਂ ਇਉਂ **ਹੋੜਦੀ ਹੈ** —

''ਇਕਿ ਗਾਵਤ ਰਹੇ ਮਨਿ ਸਾਦੁ ਨ ਪਾਇ ॥
ਹਉਮੈ ਵਿਚਿ ਗਾਵਹਿ ਬਿਰਥਾ ਜਾਇ ॥
ਗਾਵਣਿ ਗਾਵਹਿ ਜਿਨ ਨਾਮ ਪਿਆਰੁ ॥
ਸਾਚੀ ਬਾਣੀ ਸਬਦ ਬੀਚਾਰੁ ॥ (ਪੰਨਾ-੧੫੮)

''ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ ॥'' (ਪੰਨਾ-੧੪੧੧)

''ਮਨ ਮਹਿ ਕ੍ਰੋਧੁ ਮਹਾ ਅਹੰਕਾਰਾ ॥
ਪੂਜਾ ਕਰਹਿ ਬਹੁਤੁ ਬਿਸਥਾਰਾ ॥
ਕਰਿ ਇਸਨਾਨੁ ਤਨਿ ਚਕ੍ਰ ਬਣਾਏ ॥
ਅੰਤਰ ਕੀ ਮਲੁ ਕਬ ਹੀ ਨ ਜਾਏ ॥'' (ਪੰਨਾ-੧੩੪੮)

''ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥'' (ਪੰਨਾ-੧੪੨੮)

''ਮਾਨ ਅਭਿਮਾਨ ਮੰਧੇ ਸੋ ਸੇਵਕ ਨਾਹੀ ॥'' (ਪੰਨਾ-੫੧)

''ਕੋਟਿ ਕਰਮ ਕਰੈ ਹਉ ਧਾਰੇ ॥
ਸ੍ਰਮੁ ਪਾਵੈ ਸਗਲੇ ਬਿਰਥਾਰੇ ॥'' (ਪੰਨਾ-੨੭੮)



Conversely to regard oneself as –

good

pious

lofty

pure

true

religious

virtuous

social worker

spiritually evolved soul

divine

too is the manifestation of religious 'egotism'.

But, this is how Gurbani prevents or forbids us from (being infected with) egotism –

1 *Some sing on and on, but their minds do not find happiness.*
*In egotism, they sing, but it is wasted uselessly.*
*Those who love the Naam, sing the song.*
*They contemplate the True Bani of the Word, and the Shabad.* 158

2 *(Some have no idea of perfection, wisdom or understanding; they know nothing about the mystery of the Word.)*
*O Nanak, those people are really donkeys; they have no virtue or merit, but still, they are very proud.* 1411

3 *Within the mind dwell anger and massive ego.*
*Worship services are performed with great pomp and ceremony.*
*Ritual cleansing baths are taken, and sacred marks are applied to the body.*
*But still, the filth and pollution within never depart.* 1348

4 *Those who make pilgrimages to sacred shrines, observe ritualistic fasts and make donations to charity while still taking pride in their minds*
*- O Nanak, their actions are useless, like the elephant, who takes a bath, and then rolls in the dust.* 1428

5 *One who is influenced by praise and blame is not God's servant.* 51

6 *If someone does millions of good deeds, while acting in ego,*
*he shall incur only trouble; all this is in vain.* 278

ਉਪਰਲੀ ਵਿਚਾਰ ਤੋਂ ਸਿਧ ਹੋਇਆ, ਕਿ

**ਸਾਡੀ 'ਹਉਮੈ' ਹੀ**
**ਧਾਰਮਿਕ ਅਭਿਮਾਨ**
ਅਤੇ
**ਮਜ਼ਹਬੀ ਤਅੱਸੁਬ**

ਦਾ **ਮੂਲ ਕਾਰਨ ਹੈ ।**

ਇਸ **'ਧਾਰਮਿਕ ਜਨੂੰਨ' ਦੇ ਅੰਨ੍ਹੇ, ਜੋਸ਼ ਵਿਚ ਹੀ ਧਰਮ ਦੇ ਨਾਉਂ ਤੇ ਅਤੇ ਧਰਮ ਦੀ ਆੜ ਵਿਚ,** ਅਸੀਂ 'ਧਰਮ' ਦੀ ਹੀ :—

ਨਿਰਾਦਰੀ
ਨਿਖੇਧੀ
ਬੇ-ਮੁਖਤਾਈ
ਬੇ-ਸਿਦਕੀ
ਬਦਨਾਮੀ

**ਦਾ ਅਣਜਾਣੇ ਹੀ 'ਮੁਜ਼ਾਹਰਾ' ਕਰਦੇ ਹਾਂ ।**

ਸਾਡੇ ਇਸ **ਅੰਨ੍ਹੇ 'ਮਜ਼ਹਬੀ-ਜਨੂੰਨ'** ਦਾ ਆਮ ਜਨਤਾ ਉਤੇ ਅਤਿ **ਭੈੜਾ, ਹਾਨੀਕਾਰਕ ਅਤੇ ਡੂੰਘਾ ਅਸਰ ਪੈਂਦਾ ਹੈ ।** ਇਸ ਨਾਲ **'ਰੱਬੀ ਹੋਂਦ' ਤੇ 'ਧਰਮ' ਦੀ ਬਾਬਤ** ਕਈ ਕਿਸਮ ਦੇ **ਸ਼ੰਕੇ ਖੜੇ ਹੋ ਜਾਂਦੇ ਹਨ ।** ਸਚ ਤਾਂ ਇਹ ਹੈ, ਕਿ ਜਨਤਾ ਦੇ ਹਿਰਦਿਆਂ ਵਿਚ **'ਧਰਮ' ਵਲੋਂ 'ਬੇ-ਪ੍ਰਵਾਹੀ', 'ਬੇ-ਮੁਖਤਾਈ', 'ਬੇ-ਸਿਦਕੀ' ਅਤੇ 'ਨਾਸਤਿਕਤਾ' ਫੈਲਾਉਣ ਵਿਚ,** ਹਉਮੈ-ਵੇੜੇ, **'ਮਜ਼ਹਬੀ-ਜਨੂੰਨ' ਦਾ ਜ਼ਿਆਦਾ ਹਿਸਾ ਹੈ ।**

**'ਅੰਨ੍ਹੇ ਮਜ਼ਹਬੀ ਜੋਸ਼' ਵਿਚ** ਸਾਡੀ **ਬੁੱਧੀ ਭ੍ਰਿਸ਼ਟ ਹੋ ਜਾਂਦੀ ਹੈ** ਅਤੇ ਸਾਨੂੰ **ਚੰਗੇ-ਮਾੜੇ ਸੱਚ-ਝੂਠ, ਪਾਪ ਪੁੰਨ, 'ਦੈਵੀ ਗੁਣ' ਤੇ 'ਅਸੁਰੀ ਅਉਗਣਾਂ' ਵਿਚਕਾਰ 'ਨਿਰਣਾ' ਕਰਨ ਦੀ, ਬਿਬੇਕ ਬੁੱਧੀ ਨਹੀਂ ਰਹਿੰਦੀ ।**

ਇਸ ਦੇ **ਐਨ ਉਲਟ** ਹਰ ਇਕ 'ਧਰਮ' ਸਾਨੂੰ **ਦਇਆ, ਖਿਮਾ, ਮੈਤ੍ਰੀ-ਭਾਵ, ਪਿਆਰ, ਸੇਵਾ ਆਦਿ, ਦੈਵੀ ਗੁਣਾਂ ਲਈ ਪ੍ਰੇਰਦਾ ਹੈ ।**

ਚਾਨਣ ਦੀ **ਅਣਹੋਂਦ** ਦਾ ਨਾਉ **'ਹਨੇਰਾ' ਹੈ ।**

ਰੱਬੀ ਪ੍ਰਕਾਸ਼ ਦੀ ਅਣਹੋਂਦ ਦਾ ਨਾਉਂ **'ਮਾਇਆ' ਹੈ ।**

ਮਾਇਆ ਦੇ 'ਭਰਮ-ਭੁਲਾਵੇ', **'ਅੰਧ-ਗੁਬਾਰ' ਵਿਚੋਂ 'ਹਉਮੈ' ਉਪਜਦੀ ਹੈ ।**



It is clear from the above discussion that

our 'egotism' is indeed
religious pride or arrogance

and

is the main cause of

religious fundamentalism.

It is in the blind fervour of 'religious frenzy', under the name of religion and under the protection of religion that we unknowingly engage in demonstrating (our)

disrespect
condemnation
apostasy
faithlessness
infamy

of 'religion'.

The effect of this blind 'religious frenzy' on our general public is very bad, harmful and profound. With this many doubts tend to arise regarding the 'presence of godliness' and 'religion'. The truth is that, ego-ridden 'religious frenzy' plays a bigger part in the proliferation or spread of 'negligence', 'turning away', 'faithlessness' and 'apostasy' from religion, in the hearts of the masses.

In the 'blind fervour of religion' our intellect gets contaminated and we lose the ability of discrimination that comes with the discerning intellect between what is good-bad, truth-falsehood, sin-virtue, divine virtues and demonic-sins.

Contrary to this every religion encourages us towards mercy, forgiveness, friendship, love, service etc. like divine virtues.

The absence of light is known as 'darkness.

The absence of godly illumination is known as 'maya' or materialism.

'Egotism' sprouts form the pitch-darkness of 'doubt-fallacy'.

ਜਿਥੇ 'ਹਉਮੈ' ਦਾ ਬੋਲ-ਬਾਲਾ ਹੈ, ਉਥੇ ਇਲਾਹੀ 'ਭਾਵਨਾ' ਨਹੀਂ ਹੈ।

'ਚਾਨਣ' ਤੇ 'ਹਨੇਰ' ਇਕ ਦੂਜੇ ਤੋਂ ਉਲਟ ਤੇ ਮੁਤਜ਼ਾਦ ਹਨ।

ਹਉਮੈ ਦਾ 'ਅਹਿਸਾਸ' ਤੇ ਇਲਾਹੀ 'ਸ਼ਰਧਾ-ਭਾਵਨੀ' ਵੀ ਇਕ ਦੂਜੇ ਦੇ ਉਲਟ ਤੇ ਮੁਤਜ਼ਾਦ ਹਨ।

ਅਕਾਲ-ਪੁਰਖ ਦੀ ਹਸਤੀ 'ਸੱਚ' ਅਤੇ ਅਟੱਲ ਹੈ।

ਹਉਮੈ ਦੀ ਕੋਈ ਹਸਤੀ ਨਹੀਂ ਹੈ, ਇਹ ਸਿਰਫ਼ ਮਨ ਦਾ 'ਭਰਮ-ਭੁਲਾਵਾ' ਹੈ।

ਦੂਜੇ ਲਫ਼ਜ਼ਾਂ ਵਿਚ, 'ਅਗਿਆਨਤਾ-ਰੂਪੀ ਮਾਇਆ' ਨੇ 'ਜੀਵ' ਨੂੰ, ਜਨਮਾਂ ਜਨਮਾਂਤਰਾਂ ਤੋਂ, 'ਹਉਮੈ' ਦੀ 'ਅਫ਼ੀਮ' ਦੇ ਨਸ਼ੇ ਵਿਚ 'ਸਵਾ' ਛਡਿਆ ਹੈ।

"ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥ (ਪੰਨਾ-੯੨੦)

ਸਾਰਿਆਂ ਮਾਨਸਿਕ 'ਰੋਗਾਂ' ਦਾ ਮੁਢਲਾ ਕਾਰਣ 'ਪਰਮੇਸ਼ਰ' ਨੂੰ 'ਭੁਲਣਾ' ਜਾਂ ਬੇਮੁਖ ਹੋਣਾ ਹੀ ਹੈ।

"ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥
ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥" (ਪੰਨਾ-੧੩੫)

"ਤੂੰ ਵਿਸਰਹਿ ਤਾਂ ਸਭੁ ਕੋ ਲਾਗੂ ਚੀਤਿ ਆਵਹਿ ਤਾਂ ਸੇਵਾ ॥" (ਪੰਨਾ-੩੮੩)

"ਭੂਲਿਓ ਮਨੁ ਮਾਇਆ ਉਰਝਾਇਓ ॥" (ਪੰਨਾ-੭੦੨)

ਇਹ ਹਉਮੈ ਦਾ ਰੋਗ, ਸਿਰਫ਼ ਆਮ ਜਨਤਾ ਨੂੰ ਹੀ ਨਹੀਂ ਲਗਾ ਹੋਇਆ, ਬਲਕਿ ਧਾਰਮਿਕ ਸ਼੍ਰੇਣੀਆਂ ਨੂੰ ਭੀ ਡਾਢਾ ਚਿੰਬੜਿਆ ਹੋਇਆ ਹੈ।

ਫ਼ਰਕ ਇਹ ਹੈ, ਕਿ ਆਮ ਜਨਤਾ ਤਾਂ ਮੋਟੀ-ਠੁੱਲੀ, 'ਹਉਮੈ' ਦੀ ਸ਼ਿਕਾਰ ਹੈ, ਪਰ ਧਾਰਮਿਕ ਸ਼੍ਰੇਣੀਆਂ ਦੀ ਹਉਮੈ 'ਸੂਖਮ' ਹੁੰਦੀ ਹੈ।

ਲੋਹੇ ਦੇ ਠੁਲੇ ਜ਼ੰਜ਼ੀਰ ਤਾਂ ਤੋੜਨੇ ਸੌਖੇ ਹਨ, ਪਰ ਦਿਮਾਗ਼ੀ ਸਿਆਣਪ, ਉਕਤੀਆਂ-ਜੁਗਤੀਆਂ, ਫ਼ਿਲੌਸਫ਼ੀਆਂ ਦੇ ਸੂਖਮ ਰੇਸ਼ਮ ਦੇ ਫੰਦਿਆਂ ਤੋਂ ਛੁਟਣਾ ਅਤਿ ਕਠਨ ਹੈ।

'ਧਰਮ' ਦੇ ਪ੍ਰਚਾਰ ਲਈ, ਪਹਿਲਾਂ ਆਪਣੇ ਅੰਦਰ ਹੀ ਦੈਵੀ ਗੁਣਾਂ ਨੂੰ ਧਾਰਨ ਤੇ ਕਮਾਉਣ ਦੀ ਲੋੜ ਹੈ। ਕਮਾਈ ਬਗੈਰ, ਫੋਕੇ ਸਾਧਨਾਂ ਦਾ ਪ੍ਰਚਾਰ ਕਰਨਾ ਹਾਸੋ-ਹੀਣਾ 'ਪਖੰਡ' ਹੈ।

"ਅਵਰ ਉਪਦੇਸੈ ਆਪਿ ਨ ਕਰੈ ॥
ਆਵਤ ਜਾਵਤ ਜਨਮੈ ਮਰੈ ॥" (ਪੰਨਾ-੨੬੯)



Where 'egotism' prevails, divine 'faith' is not there.

'Light' and 'darkness' are opposite and contrary to one another.

The feeling of 'egotism' and divine 'faith-filled-ness' too are opposite and contrary to one another.

The being-ness of the Timeless Being is 'true' and 'eternal'

Egotism has not beingness. It is nothing but the 'doubt-fallacy' of the mind.

In other words, 'materialism's embodiment of ignorance' has over numerous births put 'man' to sleep in the intoxicating 'opium' of egotism.

1 *The world is asleep in the three modes and doubt; it passes the night of its life sleeping.* 920

The main cause for all mental 'diseases' is the 'forgetfulness' of, or the turning away from, the primal Being.

2 *Forgetting the Transcendent Lord, all sorts of illnesses are contracted.*
*Those who turn their backs on the Lord shall be separated from Him and consigned to reincarnation, over and over again.* 134

3 *If I forget You, then everyone becomes my enemy. When You come to mind, then they serve me.* 383

4 *My mind is deluded, entangled in Maya.* 702

This disease of egotism not only does it afflict the people at large, but it also clings tenaciously to the religious category.

The difference is this, while the people at large are the victims of crass-gross 'egotism', the egotism of the religious category is 'subtle'.

It is easy to break the chains of soft or course iron, but to escape from the silky snares of mental cleverness, maxims-aphorisms, and philosophies is extremely difficult.

For (undertaking)'religious' preaching, what is first required is to cultivate within ourselves divine virtues. Without (this) cultivation, hollow preaching of rites can only become ludicrous 'hypocrisy'.

5 *One who does not practice what he preaches to others,*
*shall come and go in reincarnation, through birth and death.* 269

"ਉਪਦੇਸੁ ਕਰੈ ਆਪਿ ਨ ਕਮਾਵੈ ਤਤੁ ਸਬਦੁ ਨ ਪਛਾਨੈ ॥" (ਪੰਨਾ-੩੮੦)

**ਸਾਧਿਆ ਹੋਇਆ 'ਸਖਸ਼ੀ ਜੀਵਨ' ਹੀ ਪ੍ਰਚਾਰ ਦਾ ਅਤਿਅੰਤ ਅਸਰਦਾਇਕ ਤਰੀਕਾ ਹੈ।**

ਏਸੇ ਕਰਕੇ ਗੁਰਬਾਣੀ ਅਨੁਸਾਰ, ਦੂਜਿਆਂ ਨੂੰ ਉਪਦੇਸ਼ ਕਰਨ ਤੋਂ ਪਹਿਲਾਂ, **ਆਪਣੇ ਹੀ ਮਨ ਨੂੰ ਸਮਝਾਉਣ ਲਈ ਤਾਕੀਦੀ ਹੁਕਮ ਹੈ।**

**"ਜਿਸ ਕੈ ਅੰਤਰਿ ਬਸੈ ਨਿਰੰਕਾਰੁ ॥**
ਤਿਸ ਕੀ ਸੀਖ ਤਰੈ ਸੰਸਾਰੁ ॥" (ਪੰਨਾ-੨੬੯)

**"ਪ੍ਰਥਮੇ ਮਨੁ ਪਰਬੋਧੈ ਅਪਨਾ** ਪਾਛੈ ਅਵਰ ਰੀਝਾਵੈ ॥
**ਰਾਮ ਨਾਮ ਜਪੁ ਹਿਰਦੈ ਜਾਪੈ** ਮੁਖ ਤੇ ਸਗਲ ਸੁਨਾਵੈ ॥" (ਪੰਨਾ-੩੮੧)

"ਸਤਿਗੁਰੁ ਭੇਟੇ ਤਾ ਪਾਰਸੁ ਹੋਵੈ ਪਾਰਸੁ ਹੋਇ ਤ ਪੂਜ ਕਰਾਏ ॥
**ਜੋ ਉਸੁ ਪੂਜੇ ਸੋ ਫਲੁ ਪਾਏ** ਦੀਖਿਆ ਦੇਵੈ ਸਾਚੁ ਬੁਝਾਏ ॥" (ਪੰਨਾ-੪੬੧)

"**ਆਪਿ ਜਪਹੁ** ਅਵਰਾ ਨਾਮੁ ਜਪਾਵਹੁ ॥
ਸੁਨਤ ਕਹਤ **ਰਹਤ ਗਤਿ ਪਾਵਹੁ** ॥" (ਪੰਨਾ-੨੮੯)

ਗੁਰੂ ਨਾਨਕ ਸਾਹਿਬ ਨੇ ਨੌਂ-ਖੰਡ ਪ੍ਰਿਥਵੀ ਵਿਚ **'ਵਿਸ਼ਵ-ਧਰਮ'** ਯਾ 'ਆਈ ਪੰਥੀ ਸਗਲ ਜਮਾਤੀ' ਦਾ ਪ੍ਰਚਾਰ ਕਰਕੇ, ਇਕ ਅਨੂਪਮ ਮਿਸਾਲ ਕਾਇਮ ਕੀਤੀ।

ਇਸ **'ਸਰਬੱਗ-ਧਰਮ' ਦੀ ਵਿਸ਼ੇਸ਼ਤਾ** ਇਹ ਹੈ, ਕਿ ਇਹ **ਕਿਸੇ ਨੂੰ ਆਪਣਾ ਧਰਮ ਤਿਆਗਣ ਲਈ ਨਹੀਂ ਕਹਿੰਦਾ,** ਸਗੋਂ ਆਪਣੇ ਧਰਮ ਵਿਚ ਹੀ ਵਿਚਰ ਕੇ, **ਦੈਵੀ ਗੁਣਾਂ** ਨੂੰ **ਧਾਰਨ ਕਰਨ** ਦੀ ਪ੍ਰੇਰਨਾ ਦਿੰਦਾ ਹੈ।

ਇਸੇ ਲਈ ਗੁਰੂ ਨਾਨਕ ਸਾਹਿਬ ਨੇ —

| | | |
|---|---|---|
| ਮੁਸਲਮਾਨ | ਨੂੰ | ਸੱਚਾ ਮੁਸਲਮਾਨ |
| ਹਿੰਦੂ | ਨੂੰ | ਸੱਚਾ ਹਿੰਦੂ |
| ਵੈਸ਼ਨਵ | ਨੂੰ | ਸੱਚਾ ਵੈਸ਼ਨਵ |
| ਜੋਗੀ | ਨੂੰ | ਸੱਚਾ ਜੋਗੀ |
| ਪੰਡਿਤ | ਨੂੰ | ਸੱਚਾ ਪੰਡਿਤ |

**ਬਣਨ ਦੀ ਪ੍ਰੇਰਨਾ ਦਿਤੀ ਹੈ। ਇਹ ਸਚਾਈ** ਹੇਠ ਲਿਖੇ ਗੁਰਬਾਣੀ ਦੇ ਪ੍ਰਮਾਣਾਂ ਵਿਚ ਪਰਗਟ ਹੁੰਦੀ ਹੈ —

"ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ ॥
**ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ ॥**
ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ ॥
ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ ॥" (ਪੰਨਾ-੧੪੦)



1 *He teaches, but does not practice what he preaches; he does not realize the essential reality of the Word of the Shabad.* 380

'Personal life' rooted in righteousness is the only most effective method of preaching.

For this reason the mandatory law or command according to Gurbani, is before advising others, one should first advice one's own mind.

2 *One whose inner being is filled with the Formless Lord*
*- by his teachings, the world is saved.* 269

3 *First, he instructs his own mind, and then, he leads others.*
*He chants the Lord's Name and meditates on it in his heart; with his mouth, he announces it to all.* 381

4 *When one meets the True Guru, he becomes the philosopher's stone, with the ability to transform others, inspiring them to worship the Lord.*
*One who worships the Lord in adoration, obtains his rewards; instructing others, he reveals the Truth.* 481

5 *Chant the Naam yourself, and inspire others to chant it as well.*
*Hearing, speaking and living it, emancipation is obtained.* 289

Guru Nanak Sahib Ji has established a novel example in the world of nine continents, by preaching the message of 'world-religion' or the 'brotherhood of all mankind as the highest Yogic order'.

The significance of this omniscient-religion' is this that it does not call upon anyone to break away from their religion, in fact it encourages one to remain in ones own religion and inculcate divine virtues.

That is why Guru Nanak Sahib Ji encouraged

| | | |
|---|---|---|
| a muslim | to become | a true muslim |
| a Hindu | to become | a true Hindu |
| the devotees of Vishu | to become | true devotees of Vishnu |
| a Yogi | to become | a true yogi |
| a pandit | to become | a true pandit |

6 *Let mercy be your mosque, faith your prayer-mat, and honest living your Koran.*
*Make modesty your circumcision, and good conduct your fast. In this way, you shall be a true Muslim.*
*Let good conduct be your Kaabaa, Truth your spiritual guide, and the karma of good deeds your prayer and chant.*
*Let your rosary be that which is pleasing to His Will. O Nanak, God shall preserve your honor.* 140

"ਕੰਠੇ ਮਾਲਾ ਜਿਹਵਾ ਰਾਮੁ ॥
ਸਹੰਸ ਨਾਮੁ ਲੈ ਲੈ ਕਰਉ ਸਲਾਮੁ ॥
ਕਹਤ ਕਬੀਰ ਰਾਮ ਗੁਨ ਗਾਵਉ ॥
**ਹਿੰਦੂ ਤੁਰਕ ਦੋਊ ਸਮਝਾਵਉ ॥"** (ਪੰਨਾ-੪੭੯)

"ਸੋ ਮੁਲਾਂ ਜੋ ਮਨ ਸਿਉ ਲਰੈ ॥
ਗੁਰ ਉਪਦੇਸਿ ਕਾਲਿ ਸਿਉ ਜੁਰੈ ॥
ਕਾਲ ਪੁਰਖ ਕਾ ਮਰਦੈ ਮਾਨੁ ॥
**ਤਿਸੁ ਮੁਲਾ ਕਉ ਸਦਾ ਸਲਾਮੁ ॥"** (ਪੰਨਾ-੧੧੫੯)

"ਏਕੋ ਕਉ ਸਚੁ ਏਕਾ ਜਾਣੈ ਹਉਮੈ ਦੂਜਾ ਦੂਰਿ ਕੀਆ ॥
ਸੋ ਜੋਗੀ ਗੁਰ ਸਬਦੁ ਪਛਾਣੈ ਅੰਤਰਿ ਕਮਲੁ ਪ੍ਰਗਾਸੁ ਥੀਆ ॥ (ਪੰਨਾ-੯੪੦)

"ਮਨ ਤਨ ਅੰਤਰਿ ਸਿਮਰਨ ਗੋਪਾਲ ॥
ਸਭ ਊਪਰਿ ਹੋਵਤ ਕਿਰਪਾਲ ॥
ਆਪਿ ਦ੍ਰਿੜੈ ਅਵਰਹ ਨਾਮੁ ਜਪਾਵੈ ॥
**ਨਾਨਕ ਓਹੁ ਬੈਸਨੋ ਪਰਮ ਗਤਿ ਪਾਵੈ ॥"**
"ਭਗਉਤੀ ਭਗਵੰਤ ਭਗਤਿ ਕਾ ਰੰਗੁ ॥
ਸਗਲ ਤਿਆਗੈ ਦੁਸਟ ਕਾ ਸੰਗ ॥
ਮਨ ਤੇ ਬਿਨਸੈ ਸਗਲਾ ਭਰਮੁ ॥
ਕਰਿ ਪੂਜੈ ਸਗਲ ਪਾਰਬ੍ਰਹਮੁ ॥
ਸਾਧਸੰਗਿ ਪਾਪਾ ਮਲੁ ਖੋਵੈ ॥
**ਤਿਸ ਭਗਉਤੀ ਕੀ ਮਤਿ ਊਤਮ ਹੋਵੈ ॥"**
"ਸੋ ਪੰਡਿਤੁ ਜੋ ਮਨੁ ਪਰਬੋਧੈ ॥
ਰਾਮ ਨਾਮੁ ਆਤਮ ਮਹਿ ਸੋਧੈ ॥ (ਪੰਨਾ-੨੭੪)

ਇਸ **ਵਿਸ਼ਵ-ਧਰਮ** ਦੀ ਸਰਬਗਤਾ ਦਾ **ਸਬੂਤ** ਇਹ ਹੈ ਕਿ ਇਸ ਵਿਚ :—

1. ਪ੍ਰਮਾਤਮਾ ਦੇ **ਸਾਰੇ ਪ੍ਰਚਲਿਤ ਨਾਵਾਂ ਨੂੰ ਸਤਿਕਾਰਿਆ ਗਿਆ ਹੈ।**
   ਸਿਰੁ ਨਾਨਕ ਲੋਕਾ ਪਾਵ ਹੈ ॥ ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ ॥ (ਪੰਨਾ-੧੧੬੮)

2. **ਅਨੇਕਾਂ ਧਰਮਾਂ** ਦੇ ਭਗਤਾਂ, ਮਹਾਂਪੁਰਸ਼ਾਂ ਦੇ **ਭਿੰਨ-ਭਿੰਨ ਬੋਲੀਆਂ ਵਿਚ ਰਚੇ ਗਏ, ਰੱਬੀ 'ਕਲਾਮ' ਨੂੰ ਸਦਾ ਵਾਸਤੇ ਗੁਰੂ ਗਰੰਥ ਸਾਹਿਬ ਜੀ ਵਿਚ ਸਨਮਾਨਿਆ ਗਿਆ ਹੈ।**



1 *The mala is around my neck, and the Lord's Name is upon my tongue.*
*I repeat the Naam, the Name of the Lord, a thousand times, and bow in reverence to Him.*
*Says Kabeer, I sing the Glorious Praises of the Lord;*
*I teach both Hindus and Muslims.* 479

2 *He alone is a Mullah, who struggles with his mind,*
*and through the Guru's Teachings, fights with death.*
*He crushes the pride of the Messenger of Death.*
*Unto that Mullah, I ever offer greetings of respect.* 1159

3 *He knows the True Lord as the One and only; he sends his egotism and duality far away.*
*He alone is a Yogi, who realizes the Word of the Guru's Shabad; the lotus of the heart blossoms forth within.* 940

4 *Within his mind and body, he meditates in remembrance on the Lord of the Universe.*
*He is kind to all creatures.*
*He holds fast to the Naam, and inspires others to chant it.*
*O Nanak, such a Vaishnaav obtains the supreme status. ||2||*
*The true Bhagaautee, the devotee of Adi Shakti, loves the devotional worship of God.*
*He forsakes the company of all wicked people.*
*All doubts are removed from his mind.*
*He performs devotional service to the Supreme Lord God in all.*
*In the Company of the Holy, the filth of sin is washed away.*
*The wisdom of such a Bhagaautee becomes supreme........*

*He is a true Pandit, a religious scholar, who instructs his own mind.*
*He searches for the Lord's Name within his own soul.* 274

The proof of this omniscience world religion is this that in it:-

1 All the prevalent names of the Primal Being are revered – respected.

*Nanak places his head on the feet of such people.*
*I am a sacrifice to Your Names, as many as there are, O Lord.* 1168

2 Devotees, great evolved souls of numerous religions have had their sacred texts uttered in various languages revered for all times in Guru Granth Sahib.

L109.11

"ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥ (ਪੰਨਾ-੧੩੪੯)

"ਹਿੰਦੂ ਤੁਰਕ ਕਾ ਸਾਹਿਬੁ ਏਕ ॥ ਕਹ ਕਰੈ ਮੁਲਾਂ ਕਹ ਕਰੈ ਸੇਖ ॥" (ਪੰਨਾ-੧੧੫੮)

ਇਸ ਲਈ ਗੁਰੂ ਨਾਨਕ ਸਾਹਿਬ ਦੇ ਚਲਾਏ ਹੋਏ 'ਵਿਸ਼ਵ-ਧਰਮ' ਵਿਚ 'ਮਜ਼ਹਬੀ' ਤਅੱਸੁਬ ਲਈ ਕੋਈ ਗੁੰਜਾਇਸ਼ ਨਹੀਂ ਹੈ, ਅਤੇ **ਗੁਰਬਾਣੀ ਮੰਨਣ ਵਾਲਿਆਂ ਨੂੰ ਹੋਰ ਧਰਮਾਂ ਦੇ ਪੈਰੋਕਾਰਾਂ ਨਾਲ ਸਹਿਨਸ਼ੀਲਤਾ ਅਤੇ ਰਵਾਦਾਰੀ ਨਾਲ ਵਰਤਣਾ ਚਾਹੀਦਾ ਹੈ ।**

ਪਰ ਅਫ਼ਸੋਸ ਦੀ ਗੱਲ ਹੈ, ਕਿ ਗੁਰਬਾਣੀ ਦੀ **ਅੰਤ੍ਰੀਵ ਭਾਵਨਾ** ਤੋਂ ਅਨਜਾਣ ਤੇ **ਬੇਮੁਖ ਹੋ ਕੇ**, ਅਸੀਂ ਗੁਰੂ ਨਾਨਕ ਦੇ **'ਨਾਮ-ਲੇਵਾ'** ਅਤੇ **ਗੁਰਬਾਣੀ ਦੇ ਉਪਾਸ਼ਕ** 'ਕਹਿਲਾਉਣ' ਵਾਲੇ, **ਹੋਰਨਾਂ ਧਰਮਾਂ** ਅਤੇ **ਆਪਣੀਆਂ ਹੀ ਸੰਪਰਦਾਵਾਂ ਨਾਲ, ਤਅੱਸੁਬ ਵਾਲਾ ਵਤੀਰਾ ਕਰਦੇ ਹਾਂ ।**

**ਆਤਮਿਕ ਅਗਿਆਨਤਾ ਦੇ ਭਰਮ-ਭੁਲਾਵੇ ਵਿਚੋਂ ਹੀ 'ਦੂਜਾ-ਭਾਉ' ਉਪਜਦਾ** ਹੈ, ਜਿਸ ਦੁਆਰਾ ਅਸੀਂ

**ਰੱਬੀ ਏਕਤਾ** ਅਤੇ
**ਵਿਸ਼ਵ ਧਰਮ** ਦੀ
**ਸਾਂਝੀਵਾਲਤਾ**

**ਨੂੰ ਭੁਲ ਜਾਂਦੇ ਹਾਂ ।**

ਇਹ **'ਦੂਜੇ-ਭਾਉ'** ਜਾਂ **'ਦੂਜੇ-ਦੋਇ' ਦਾ ਭਰਮ** ਹੀ 'ਮਜ਼ਹਬੀ-ਤਅੱਸੁਬ' ਦੀ ਅਗਨੀ ਦਾ

**ਮੁਢਲਾ ਕਾਰਨ ਬਣਦਾ ਹੈ ।**

ਇਸ ਹਕੀਕਤ ਨੂੰ ਗੁਰਬਾਣੀ ਵਿਚ ਇਉਂ ਦਰਸਾਇਆ ਗਿਆ ਹੈ :—
"ਇਸੁ ਮਨ ਕਉ ਬਸੰਤ ਕੀ ਲਗੈ ਨ ਸੋਇ ॥
ਇਹੁ ਮਨੁ **ਜਲਿਆ ਦੂਜੈ ਦੋਇ** ॥" (ਪੰਨਾ-੧੧੭੬)

ਬੜੀ ਦੁਖ ਦੀ ਗੱਲ ਹੈ, ਕਿ ਇਹ **'ਦੂਜੇ-ਦੋਇ' ਵਾਲੇ 'ਮਜ਼ਹਬੀ-ਤਅੱਸੁਬ' ਦੇ ਭਾਂਬੜ, 'ਧਰਮਾਂ' ਅਤੇ 'ਧਰਮ-ਅਸਥਾਨਾਂ' ਵਿਚ ਭੀ ਬਲ ਰਹੇ ਹਨ ।**

ਏਥੇ ਹੀ ਬਸ ਨਹੀਂ, 'ਸਰਬ-ਸਾਂਝੀ ਗੁਰਬਾਣੀ' ਦੇ **ਉਪਾਸ਼ਕ ਅਤੇ ਧਾਰਮਿਕ ਸੰਸਥਾਵਾਂ ਵੀ, 'ਦੂਜੇ ਦੋਇ' ਦੀ ਅਗਨੀ ਦੀ ਲਪੇਟ ਵਿਚ** ਆ ਗਏ ਹਨ ।



1 *First, Allah created the Light; then, by His Creative Power, He made all mortal beings.*
*From the One Light, the entire universe welled up. So who is good, and who is bad?* *1349*

2 *Hindus and Muslims have the same One Lord and Master.*
*What can the Mullah do, and what can the Shaykh do?* *1158*

This is why there is no place for 'religious fanaticism' in the 'world religion' launched by Guru Nanak Sahib Ji, and the followers of Gurbani need to be broadminded when dealing with the followers of other religions.

But the sad thing is that we, who are ignorant about Gurbani's innate sentiments and have turned away from it, and deem ourselves to be the followers of Guru Nanak and the devotees of Gurbani, display a fundamentalist attitude or behaviour (not only) towards other religions and (but also towards ) religious factions within their own fold.

It is from the doubt fallacy of spiritual ignorance that the 'second love' (worldly love) arises. Through this we forget

godly oneness and
world religion's
sharing nature.

This 'second-love' or the doubt-fallacy of 'duality' indeed has become the

main cause

of the fire of 'religious extremism'.

This truth has been stated in Gurbani as follows:-

3 *This mind is not even touched by spring.*
*This mind is burnt by duality and double-mindedness.* *1176*

It is a very painful thing (to see) that the flames of 'religious extremism' of 'duality' are also burning in 'religions' and in 'religious-places'.

As if this is not enough, the devotees and religious institutions if the 'all embracing Gurbani' too, have been engulfed in the fire of 'duality'.

**‘ਮਜ਼ਹਬੀ-ਤਅੱਸੁਬ’** ਦੇ **ਭਿਆਨਕ ਅਤੇ ਜ਼ਹਰੀਲੇ ਨਤੀਜਿਆਂ** ਦਾ ਨਿਚੋੜ ਇਉਂ ਬਿਆਨ ਕੀਤਾ ਜਾ ਸਕਦਾ ਹੈ ।

ਹਉਮੈ ਦੇ ਪ੍ਰਭਾਵ ਵਿਚ ਅਸੀਂ :—

1) ਆਪਣੇ ਮਨ ਨੂੰ ਧਰਮ ਦੇ ਮਗਰ ਲਾਉਣ ਦੀ **ਬਜਾਇ,** ਆਪਣੀਆਂ ਉਕਤੀਆਂ ਜੁਗਤੀਆਂ, ਸਿਆਣਪਾਂ ਨਾਲ ਧਰਮ ਦੀ ਸਹੀ ਵਿਚਾਰਧਾਰਾ ਨੂੰ **ਤੋੜ-ਮਰੋੜ ਕੇ, ਆਪਣੇ ਮਨ ਦੀਆਂ ਰੁਚੀਆਂ ਯਾ ਰੰਗਤ ਅਨੁਸਾਰ ‘ਘੜ’ ਕੇ** ਨਿੱਜੀ ਮਾਇਕੀ, ਸਾਮਾਜਿਕ, ਰਾਜਸੀ **ਸੁਆਰਥ ਯਾ ਭਾਵਕ ਨਿਸਚਿਆਂ** (personal idiosyncrasies) **ਲਈ ਵਰਤਦੇ ਹਾਂ ।**

2) ਇਸ ਤਰ੍ਹਾਂ ਸਮਾਂ ਪਾ ਕੇ, ਧਰਮ ਦੇ ਅਸਲੀ ਆਤਮਿਕ **ਗੁੱਝੇ ‘ਭੇਦ’ ਅਤੇ ‘ਤੱਤ’ ਅਲੋਪ ਜਾਂਦੇ ਹਨ** ਜਾਂ ਭੁਲਾ ਦਿੱਤੇ ਜਾਂਦੇ ਹਨ, ਅਤੇ ਸਾਡੇ ਪੱਲੇ ਸਿਰਫ਼ **ਧਰਮ ਦੇ ਆਪੂ ਘੜੇ ਹੋਏ ਫੋਕੇ ਸਿਧਾਂਤ, ਅਤੇ ਵਿਚਾਰਧਾਰਾ ਹੀ ਰਹਿ ਜਾਂਦੀ ਹੈ ।**

3) ਇਹ ਸਾਡੀ ਧਰਮ ਦੀ ਵਿਚਾਰਧਾਰਾ ਜਾਂ ਨਿਸਚੇ, ਆਪੋ-ਆਪਣੇ ਭਿੰਨ-ਭਿੰਨ ਹੋਣ ਕਰਕੇ, **ਅੱਡ-ਅੱਡ ‘ਫਿਰਕੇ’ ਬਣ ਜਾਂਦੇ** ਹਨ, ਜੋ ਆਪਣੇ ਆਪ ਨੂੰ ਦੂਸਰਿਆਂ ਨਾਲੋਂ **ਚੰਗੇਰਾ ਅਤੇ ‘ਅਸਲੀ’** ਹੋਣ ਦਾ **ਦਾਅਵਾ ਕਰਦੇ ਹਨ ।**

4) ਇਹਨਾਂ ਫ਼ਿਰਕਿਆਂ ਦੇ ਸਿਧਾਂਤ, ਵਿਚਾਰਧਾਰਾ, ਮਰਿਆਦਾ, ਰਸਮਾਂ, ਲਿਬਾਸ ਆਦਿ **ਭਿੰਨ-ਭਿੰਨ ਹੋਣ ਕਰਕੇ,** ਇਹਨਾਂ ਫਿਰਕਿਆਂ ਵਿਚਕਾਰ **ਆਪਸੀ ਟਕਰਾਉ ਝਗੜਾ ਅਤੇ ‘ਤਅੱਸੁਬ’ ਲਾਜ਼ਮੀ ਹੈ ।**

5) ਇਹਨਾਂ ਫਿਰਕਿਆਂ ਦਾ ਮੁਢਲਾ ‘ਇਸ਼ਟ’ ਅਤੇ ‘ਉਪਦੇਸ਼’ **ਇਕੋ ਸੋਮੇਂ ਤੋਂ ਹੋਣ ਦੇ ਬਾਵਜੂਦ** ਭੀ ਅਸੀਂ ਆਪੋ-ਆਪਣੀ **ਸੂਖਮ ਹਉਮੈ ਦੇ ਪ੍ਰਭਾਵ ਵਿਚ, ਮੁੱਢਲੀ ‘ਤੱਤ-ਵਿਚਾਰਧਾਰਾ’** ‘ਮਰਿਆਦਾ’ ਅਤੇ ਪਹਿਰਾਵੇ ਨੂੰ ਆਪਣੇ **ਮਨ ਦੀ ਰੰਗਤ ਅਨੁਸਾਰ ਬਦਲ ਦਿੰਦੇ ਹਾਂ,** ਜੋ ਕਿ **ਫ਼ਿਰਕਾ-ਪ੍ਰਸਤੀ ਦਾ ਕਾਰਨ ਬਣ ਜਾਂਦਾ ਹੈ ।**

6) ਇਉਂ ਅਸੀਂ ਹਉਮੈ ਦੇ ਭਰਮ-ਭੁਲਾਵੇ ਦੇ ਆਧਾਰ ਤੇ ‘ਮਜ਼ਹਬ’ ਯਾ ‘ਧਰਮ’ ਦੇ ਭਿੰਨ-ਭਿੰਨ ਫ਼ਿਰਕਿਆਂ ਵਿਚਕਾਰ **‘ਤਅੱਸੁਬ’ ਅਤੇ ਨਫ਼ਰਤ ਵਧਾ ਰਹੇ ਹਾਂ ।**

7) ਗੰਧਲੀ ਬੁੱਧੀ ਦੁਆਰਾ ਅਸੀਂ **ਮਜ਼ਹਬੀ ਤਅੱਸੁਬ** ਦੇ ਭਿਆਨਕ ਅਤੇ **ਜ਼ਹਰੀਲੇ ਨਤੀਜਿਆਂ ਤੋਂ ਬੇਪ੍ਰਵਾਹ** ਯਾ ਜਾਣ-ਬੁਝ ਕੇ **‘ਮਚਲੇ’** ਹੋ ਜਾਂਦੇ ਹਾਂ ।

8) ਇਸੇ ਕਰਕੇ ਹੀ ਅਸੀਂ—

ਦੂਸਰੇ ਧਰਮਾਂ ਦੀ **ਨਿਖੇਧੀ ਅਤੇ ਨਿੰਦਿਆ ਕਰਦੇ ਹਾਂ ।**



The essence of terrible and poisonous results of ‘religious-extremism’ can be stated as follows.

Under the influence of egotism we:-

1 Instead of allowing the mind to be guided by religion, we have distorted and misrepresented the true thought process of religion with out mental maxims-aphorisms, and fashioning it according to the colouring or hue of our minds’ inclinations, we have used it for our own personal, materialistic, social, political selfish ends or personal idiosyncrasies.

2 In this way, over a period of time religion’s true spiritual, hidden ‘secrets’ and ‘essence’ disappear or are forgotten and what remains with us is nothing but self created hollow doctrines and thought processes.

3 These religious thought processes or beliefs, being our own and different (eventually) become separate factions, with each one trying to out do the other in terms of the goodness and ‘purity’.

4 As the doctrine, mode of thinking, code of conduct, traditions, apparel etc of all these factions are different, opposition and controversy is bound to exist.

5 Despite the fact that the initial ‘preceptor’ and ‘message’ emerged from one source, under the grip of our subtle egotism, we tend to change the ‘essence- thought process’, ‘code of conduct’ and apparel according to the colouring of our mind which then becomes the cause of communalism movement.

6 In this way supported by the doubt-fallacy of egotism, ‘fundamentalism’ and hatred increases within the different creeds or religious factions.

7 Through the polluted intellect we are seem to be careless or knowingly feign ignorance about the terrible and poisonous results of ‘religious fundamentalism.

8 This is the reason why we –

condemn and speak disparagingly about the other religions.

ਨਿਰਦੋਸ਼ ਪ੍ਰਾਣੀਆਂ ਨੂੰ ਦੁੱਖ ਦੇ ਕੇ ਅਤਿਅੰਤ **ਪਾਪ ਕਮਾਉਂਦੇ ਹਾਂ,** ਅਤੇ "**ਜੋ ਮੈ ਕੀਆ ਸੋ ਮੈ ਪਾਇਆ**" ਅਨੁਸਾਰ ਆਪ ਦੁਖੀ ਹੁੰਦੇ ਹਾਂ ਅਤੇ ਜਮਾਂ ਦੇ **ਵਸ ਪੈ ਜਾਂਦੇ ਹਾਂ।**

9) ਅਸੀਂ ਆਪਣੇ ਧਰਮ ਨੂੰ ਉਚੇਰਾ ਯਾ ਚੰਗੇਰਾ ਦਰਸਾਉਣ ਜਾਂ ਫੈਲਾਉਣ ਲਈ, **'ਤਅੱਸੁਬ' ਵਿਚ ਗਲਤਾਨ ਹੁੰਦੇ ਹਾਂ**—ਪਰ ਅਸਲ ਵਿਚ **'ਤਅੱਸੁਬ' ਦੁਆਰਾ,** ਅਸੀਂ ਆਪਣੇ ਹੀ ਧਰਮ ਦੀ **ਨਿਰਾਦਰੀ ਕਰਦੇ ਹਾਂ,** ਅਤੇ ਆਪ ਹੀ **ਆਪਣੇ 'ਧਰਮ' ਲਈ ਵਿਰੋਧ ਪੈਦਾ ਕਰਦੇ ਹਾਂ।**

10) ਇਹ ਕਿਤਨੀ ਵਿਅੰਗਮਈ (ironical) ਗੱਲ ਹੈ, ਕਿ ਜਿਸ ਕੁਕਰਮ, ਜ਼ੁਲਮ, ਪਾਪ ਦੀ, **ਧਰਮ ਵਿਚ ਨਿੰਦਿਆ ਯਾ ਨਿਖੇਧੀ ਕੀਤੀ ਗਈ ਹੈ,** ਓਹੀ ਕੁਕਰਮ, ਜ਼ੁਲਮ, ਪਾਪ, **ਧਾਰਮਿਕ ਤਅੱਸੁਬ ਦੇ ਪੜਦੇ ਹੇਠ, ਜਾਇਜ਼, ਨੇਕ ਅਤੇ ਸੁਆਬ** ਅਥਵਾ ਪੁੰਨ **ਸਮਝੇ ਜਾਂਦੇ ਹਨ।**

11) ਇਹ 'ਮਜ਼ਹਬੀ-ਤਅੱਸੁਬ' ਦਾ ਮੁਹਲਿਕ **'ਅਉਗਣ',** ਸਿਰਫ **ਇਨਸਾਨਾਂ ਤਾਈਂ ਸੀਮਤ ਹੈ।** ਬਾਕੀ ਚੌਰਾਸੀ ਲੱਖ ਜੂਨਾਂ ਇਸ ਇਨਸਾਨੀ **ਜ਼ਹਿਰੀਲੇ ਰੋਗ ਤੋਂ ਬਰੀ ਯਾ ਮੁਕਤ ਹਨ**—ਕਿਉਂਕਿ ਉਹਨਾਂ ਸਾਰਿਆਂ ਦਾ **ਮਜ਼ਹਬ ਇਕੋ 'ਹੁਕਮ' ਹੈ**—ਜਿਸ ਦੀ ਉਹ ਦਿਆਨਤਦਾਰੀ ਨਾਲ—ਅਣਜਾਣੇ ਅਤੇ ਸਹਿਜ-ਸੁਭਾਇ **ਪਾਲਨ ਕਰ ਰਹੇ ਹਨ।**

12) ਇਕ ਪਾਸੇ ਤਾਂ ਅਸੀਂ ਧਰਮ ਦੇ ਫੈਲਾਉ ਲਈ ਮੈਤ੍ਰੀ-ਭਾਵਨਾ, ਪਿਆਰ, ਦਇਆ, ਏਕਤਾ, ਸੇਵਾ, ਆਦਿ ਦੈਵੀ ਗੁਣਾਂ ਦਾ **ਪ੍ਰਚਾਰ ਕਰਦੇ ਹਾਂ,** ਅਤੇ ਦੂਸਰੇ ਪਾਸੇ **'ਮਜ਼ਹਬੀ-ਤਅੱਸੁਬ' ਦੇ ਪਾਗਲਪਨ ਵਿਚ** ਈਰਖਾ, ਦਵੈਤ, ਮਾਰਧਾੜ, **ਜ਼ੋਰ-ਜ਼ੁਲਮ ਦੇ ਵਤੀਰੇ ਵਿਚ ਬੜੇ ਉਤਸ਼ਾਹ ਅਤੇ ਲਗਨ ਨਾਲ ਪਰਵਿਰਤ ਹੁੰਦੇ ਹਾਂ।**

ਇਹ ਅਤਿਅੰਤ ਹਾਸੋ-ਹੀਣਾ, ਮਖੌਲ ਅਤੇ ਪਖੰਡ ਹੈ।

13) ਸਾਰੇ ਧਰਮ, ਦੁਨੀਆਂ ਦੀ ਈਰਖਾ, ਦਵੈਤ ਦੀ 'ਤਪਸ਼' ਵਿਚ **ਠੰਢ ਵਰਤਾਉਣ ਲਈ ਬਣਾਏ ਗਏ ਸਨ,** ਪਰ ਅਸੀਂ ਇਹਨਾਂ ਨੂੰ **'ਤਅੱਸੁਬ' ਦੀ ਅੱਗ ਲਾ ਦਿਤੀ ਹੈ।** ਹੁਣ ਜਦ ਸਾਰੇ ਧਰਮ ਹੀ ਭਿਆਨਕ **ਭਾਂਬੜ ਬਣੇ ਹੋਏ ਹਨ,** ਤਾਂ ਦੁਨੀਆ ਦੀ ਮਾਨਸਿਕ ਅੱਗ ਨੂੰ ਕੌਣ ਬੁਝਾਵੇ ?

14) ਏਸੇ ਤਰ੍ਹਾਂ **'ਮਜ਼ਹਬੀ-ਤਅੱਸੁਬ' ਵਰਗੇ ਗੰਭੀਰ ਅਤੇ ਖਤਰਨਾਕ 'ਭਾਂਬੜਾਂ' ਨੂੰ ਬੁਝਾਉਣ ਲਈ,** ਮਜ਼ਹਬੀ—ਕਰਮ-ਕਾਂਡ **ਕਾਰਗਰ ਨਹੀਂ ਹੋ ਸਕਦੇ,**



(We) accumulate enormous sin when we put the innocent through suffering, and according to (Guru Ji's hukam) 'I reap whatever I sow..' we ourselves suffer and walk into the hands of the couriers of death.

9 We portray our religion to be lofty or good, or for disseminating it get entrapped in 'extremist – but the truth is through 'extremism' we are disparaging our own religion, and we ourselves create opposition to our own 'religion'.

10 What an ironical thing this is that, that evil act, cruelty, sin which has been discredited or condemned, that evil deed, cruelty. sin under the veil of religious fanaticism is regarded as legitimate, righteous and honourable or virtuous.

11 Such lethal 'demerit' (or sinful act) is limited to humans only. The rest of the 8.4 million life-forms are free or liberated from this poisonous disease – because their religion is ONE HUKAM or COMMAND – which they are unknowingly and spontaneously nurturing with instinctive truthfulness.

12 On one side we are preaching (the need for inculcating) divine virtues like feelings of friendship, love mercy, unity, service etc and on the other hand with great enthusiasm and concentration the proliferation of jealousy, duality, mob-frenzy, enforced cruelty like behaviour in the madness of 'religious-fanaticism' is taking place.

This is extremely ridiculous, ludicrous, and hypocritical.

13 All the religions were made to spread cool calmness in the world (filled with) jealousy and the 'heat' of duality, but we have ignited them with the fire of 'extremism'. Now that all the religions have become terrible infernos, who then is going to douse the mental fire of the world?

14 In the same way religious – rites and rituals put in place to douse the grave and dangerous 'inferno' can never be effective

L109.14

ਕਿਉਂਕਿ ਇਹ ਕਰਮ-ਕਾਂਡ ਹੀ ਮਜ਼ਹਬੀ-ਤਅੱਸੁਬ ਦੀ ਅਗਨੀ ਦਾ **'ਬਾਲਣ'** ਬਣ ਜਾਂਦੇ ਹਨ, ਜਿਸ ਨਾਲ ਭਾਂਬੜ **ਹੋਰ ਭੀ ਭਿਆਨਕ ਰੂਪ ਧਾਰ ਲੈਂਦੇ ਹਨ।**

15) 'ਮਜ਼ਹਬੀ ਤਅੱਸੁਬ' ਦੇ ਰੋਗ ਦਾ ਇਲਾਜ ਯਾ ਅਗਨੀ ਦੇ ਭਾਂਬੜਾਂ ਨੂੰ ਬੁਝਾਉਣ ਦਾ ਗੁਰਬਾਣੀ ਵਿਚ ਸਿਰਫ਼ ਇਕੋ ਇਕ ਦਾਰੂ ਅਮੋਲਕ **ਠੰਢਾ 'ਨਾਮ' ਹੀ ਦਸਿਆ ਗਿਆ ਹੈ।**

"ਮਨ ਮੇਰੇ ਗਹੁ ਹਰਿ ਨਾਮ ਕਾ ਓਲਾ ॥
ਤੁਝੈ ਨ ਲਾਗੈ ਤਾਤਾ ਝੋਲਾ ॥" (ਪੰਨਾ-੧੭੯)

ਸਾਡਾ ਵਤੀਰਾ ਗੁਰਬਾਣੀ ਦੇ ਹੇਠ ਲਿਖੇ ਉਪਦੇਸ਼ਾਂ ਅਨੁਸਾਰ ਹੋਣਾ ਚਾਹੀਦਾ ਹੈ—

ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥ (ਪੰਨਾ-੧੨੯੯)



because these very rites and rituals themselves, become the fuel for the fire of religious fundamentalism thereby giving the inferno an even more dangerous form.

15 In Gurbani only one panacea, the priceless cool 'Naam', has been suggested as a cure for the disease of 'religious fundamentalism' or to douse the blaze of its fire.

1 *O my mind, hold tight to the Support of the Lord's Name.*
*The hot winds shall never even touch you.* 179

Our behaviour should comply with the teachings of Gurbani given below –

2 *No one is my enemy, and no one is a stranger. I get along with everyone.* 1299